# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 01 ਅਕਤੂਬਰ 2025 ਦਿਨ ਬੁੱਧਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਗੁਰੂ ਨਾਨਕ ਜਹਾਜ਼ ਦੇ ਸ਼ਹੀਦੀ ਸਾਕੇ ਦੇ 111ਵੇਂ ਸ਼ਹੀਦੀ ਦਿਹਾੜੇ 'ਤੇ ਕੈਨੇਡਾ ਅਤੇ ਅਮਰੀਕਾ ਵਿੱਚ ਸਮਾਗਮ

### ਮਰਹੂਮ ਚਿੱਤਰਕਾਰ ਜਰਨੈਲ ਸਿੰਘ ਆਰਟਿਸਟ ਦੀ ਸ਼ਹੀਦੀ ਸਾਕਾ ਪੇਸ਼ ਕਰਦੀ ਪੇਂਟਿੰਗ ਸੰਗਤਾਂ ਨੂੰ ਅਰਪਣ

ਹਰਦਮ ਮਾਨ








ਸਰੀ, 1 ਅਕਤੂਬਰ : ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਵੱਲੋਂ ਕੈਨੇਡਾ ਅਤੇ ਅਮਰੀਕਾ ਦੇ ਵੱਖ-ਵੱਖ ਗੁਰਦੁਆਰਿਆਂ ਵਿੱਚ ਬੀਤੇ ਦਿਨੀਂ ਗੁਰੂ ਨਾਨਕ ਜਹਾਜ਼ ਦੇ ਸ਼ਹੀਦੀ ਸਾਕੇ ਦੇ 111ਵੇਂ ਸ਼ਹੀਦੀ ਦਿਹਾੜੇ 'ਤੇ ਅਰਦਾਸਾਂ ਕੀਤੀਆਂ ਗਈਆਂ ਅਤੇ ਵਿਚਾਰ ਸਮਾਗਮ ਕੀਤੇ ਗਏ।

ਇਹ ਜਾਣਕਾਰੀ ਦਿੰਦਿਆਂ ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਦੇ ਬੁਲਾਰੇ ਡਾ. ਗੁਰਵਿੰਦਰ ਸਿੰਘ ਨੇ ਦੱਸਿਆ ਹੈ ਕਿ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਅਤੇ ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਸਰੀ ਵਿਖੇ ਵਿਚਾਰ ਸਮਾਗਮਾਂ ਦੌਰਾਨ ਉਨ੍ਹਾਂ ਜਾਣਕਾਰੀ ਸਾਂਝੀ ਕੀਤੀ ਕਿ ਸਿੱਖ ਆਗੂ ਬਾਬਾ ਗੁਰਦਿੱਤ ਸਿੰਘ ਵੱਲੋਂ ਗੁਰੂ ਨਾਨਕ ਸਟੀਮਸ਼ਿਪ ਕੰਪਨੀ ਕਾਇਮ ਕੀਤੀ ਗਈ ਅਤੇ ਕਾਮਾਗਾਟਾਮਾਰੂ ਜਹਾਜ਼ 66 ਹਜ਼ਾਰ ਡਾਲਰ 'ਤੇ ਚਾਰਟਰ ਕਰਨ ਮਗਰੋਂ, ਇਸ ਦਾ ਨਾਮਕਰਨ ਗੁਰੂ ਨਾਨਕ ਜਹਾਜ਼ ਕੀਤਾ ਗਿਆ ਤੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਇਸ ਵਿੱਚ ਸੁਸ਼ੋਭਿਤ ਕੀਤਾ ਗਿਆ। 377 ਮੁਸਾਫਿਰ ਲੈ ਕੇ 23 ਮਈ ਨੂੰ ਗੁਰੂ ਨਾਨਕ ਜਹਾਜ਼ ਵੈਨਕੂਵਰ ਪਹੁੰਚਿਆ ਅਤੇ ਨਸਲੀ ਵਿਤਕਰੇ ਅਧੀਨ 23 ਜੁਲਾਈ ਨੂੰ ਧੱਕੇ ਨਾਲ ਵਾਪਸ ਮੋੜ ਦਿੱਤਾ ਗਿਆ। 29 ਸਤੰਬਰ 1914 ਨੂੰ ਇਸ ਜਹਾਜ਼ ਦੇ ਬਜ ਬਜ ਘਾਟ ਕੋਲਕੱਤਾ ਪਹੁੰਚਣ ਮੌਕੇ, ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਗੁਰਦੁਆਰਾ ਸਾਹਿਬ ਲਿਜਾਣੋਂ ਰੋਕਣ ਲਈ ਬ੍ਰਿਟਿਸ਼ ਪੁਲਿਸ ਨੇ ਮੁਸਾਫਿਰਾਂ ਨਾਲ ਧੱਕੇਸ਼ਾਹੀ ਕੀਤੀ ਤੇ ਗੋਲੀਆਂ ਚਲਾਈਆਂ, ਜਿਸ ਕਾਰਨ 19 ਮੁਸਾਫਰ ਸ਼ਹੀਦ ਹੋਏ।

ਉਨ੍ਹਾਂ ਦੱਸਿਆ ਕਿ ਸ਼ਹੀਦੀ ਸਮਾਗਮਾਂ ਦੌਰਾਨ ਚਿੱਤਰਕਾਰ ਜਰਨੈਲ ਸਿੰਘ ਆਰਟਿਸਟ ਦੀ ਬਜ ਬਜ ਘਾਟ ਦੇ ਸ਼ਹੀਦੀ ਸਾਕੇ ਦੀ ਸ਼ਾਨਦਾਰ ਪੇਂਟਿੰਗ ਵੀ ਸੰਗਤਾਂ ਨੂੰ ਅਰਪਣ ਕੀਤੀ ਗਈ, ਜਿਸ ਦੀ ਰਸਮ ਮਰਹੂਮ ਜਰਨੈਲ ਸਿੰਘ ਦੀ ਸੁਪਤਨੀ ਬੀਬੀ ਬਲਜੀਤ ਕੌਰ ਅਤੇ ਸਪੁੱਤਰੀ ਬੀਬੀ ਨੀਤੀ ਕੌਰ, ਰਾਜ ਸਿੰਘ ਭੰਡਾਲ ਅਤੇ ਗੁਰਮੁਖ ਸਿੰਘ ਵੱਲੋਂ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਪ੍ਰਬੰਧਕਾਂ ਗੁਰਮੀਤ ਸਿੰਘ ਧਾਲੀਵਾਲ, ਬਲਵੀਰ ਸਿੰਘ ਨਿੱਝਰ, ਜਸਵਿੰਦਰ ਸਿੰਘ ਖਹਿਰਾ, ਗਿਆਨ ਸਿੰਘ ਸੰਧੂ, ਪ੍ਰੇਮ ਸਿੰਘ ਵਿਨਿੰਗ, ਕੁੰਦਨ ਸਿੰਘ ਸੱਜਣ, ਰਵਿੰਦਰਜੀਤ ਸਿੰਘ ਕਾਹਲੋਂ, ਗਿਆਨੀ ਜਗਦੀਸ਼ ਸਿੰਘ, ਅਜੀਤ ਸਿੰਘ ਸਹੋਤਾ ਤੇ ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ ਦੇ ਪ੍ਰਬੰਧਕਾਂ ਗੁਰਦੀਪ ਸਿੰਘ ਸਮਰਾ, ਜਸਵੀਰ ਸਿੰਘ, ਬਲਜਿੰਦਰ ਸਿੰਘ ਖਹਿਰਾ, ਓਂਕਾਰ ਸਿੰਘ, ਗਿਆਨੀ ਗੁਰਚਰਨ ਸਿੰਘ ਅਤੇ ਹਰਦੀਪ ਸਿੰਘ ਨਾਗਰਾ ਨੇ ਅਦਾ ਕੀਤੀ।

ਉਨ੍ਹਾਂ ਇਹ ਵੀ ਦੱਸਿਆ ਕਿ ਇਸ ਤੋਂ ਇਲਾਵਾ ਕੈਨੇਡਾ ਅਤੇ ਅਮਰੀਕਾ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿੱਚ ਵੀ ਅਜਿਹੇ ਸਮਾਗਮ ਰੱਖੇ ਗਏ, ਜਿਹਨਾਂ ਵਿੱਚ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਸਰੀ ਡੈਲਟਾ, ਗੁਰਦੁਆਰਾ ਕਲਗੀਧਰ ਦਰਬਾਰ ਐਬਸਫੋਰਡ, ਗੁਰਦੁਆਰਾ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਸੁਸਾਇਟੀ ਐਬਸਫੋਰਡ, ਗੁਰਦੁਆਰਾ ਅਕਾਲੀ ਸਿੰਘ ਸਿੱਖ ਸੁਸਾਇਟੀ ਵੈਨਕੂਵਰ, ਗੁਰਦੁਆਰਾ ਖਾਲਸਾ ਦਰਬਾਰ ਵੈਨਕੂਵਰ, ਗੁਰਦੁਆਰਾ ਮਾਤਾ ਸਾਹਿਬ ਕੌਰ ਫਰੰਡੇਲ, ਗੁਰੂ ਨਾਨਕ ਸਿੱਖ ਗੁਰਦੁਆਰਾ ਲਿੰਡਨ ਅਤੇ ਖਾਲਸਾ ਯੂਨੀਵਰਸਿਟੀ ਬੈਲਗੈਮ (ਯੂਐਸ) ਅਤੇ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਸੁਖਸਾਗਰ ਨਿਊ ਵੈਸਟ ਮਿਨਸਟਰ ਵੀ ਸ਼ਾਮਿਲ ਹਨ, ਜਿੱਥੇ ਪ੍ਰਸਿੱਧ ਢਾਡੀ ਭਾਈ ਰਛਪਾਲ ਸਿੰਘ ਪਮਾਲ ਦੇ ਜਥੇ ਨੇ ਗੁਰੂ ਨਾਨਕ ਜਹਾਜ਼ ਦੇ ਸ਼ਹੀਦੀ ਸਾਕੇ 'ਤੇ ਵੀਰ ਰਸੀ ਵਾਰਾਂ ਪੇਸ਼ ਕੀਤੀਆਂ। ਇਸ ਦੌਰਾਨ ਵੱਖ-ਵੱਖ ਸੰਸਥਾਵਾਂ ਨੇ ਅਹਿਦ ਲਿਆ ਕਿ ਹਰ ਸਾਲ ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦਾ ਸ਼ਹੀਦੀ ਸਾਕਾ ਮਨਾਇਆ ਜਾਇਆ ਕਰੇਗਾ।

## 'ਆਕਸਫੋਰਡ ਦੇ ਵਿਦਿਆਰਥੀਆਂ ਨੇ ਨੁੱਕੜ ਨਾਟਕ ਰਾਹੀਂ ਬਜ਼ੁਰਗਾਂ ਦਾ ਸਤਿਕਾਰ ਅਤੇ ਧੀਆਂ ਦਾ ਸਨਮਾਨ ਕਰਨ ਦਾ ਦਿੱਤਾ ਸੁਨੇਹਾ

ਟਿੰਕੂ ਕੁਮਾਰ



ਕੋਟਕਪੂਰਾ/ਬਰਗਾੜੀ, 1 ਅਕਤੂਬਰ : 'ਦਾ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ ਭਗਤਾ ਭਾਈਕਾ' ਇੱਕ ਅਜਿਹੀ ਮਾਣਮੱਤੀ ਵਿੱਦਿਅਕ ਸੰਸਥਾ ਹੈ ਜੋ ਹਰ ਖੇਤਰ ਵਿੱਚ ਦਿਨ ਪ੍ਰਤੀ ਦਿਨ ਮੱਲਾਂ ਮਾਰ ਰਹੀ ਹੈ। ਇਹ ਸੰਸਥਾ ਸਿਰਫ ਵਿੱਦਿਅਕ ਖੇਤਰ ਵਿੱਚ ਹੀ ਅੱਗੇ ਨਹੀਂ ਸਗੋਂ ਸਮਾਜ ਨੂੰ ਸਮੇਂ-ਸਮੇਂ 'ਤੇ ਵੱਖ-ਵੱਖ ਗਤੀਵਿਧੀਆਂ ਰਾਹੀਂ ਸੇਧ ਦੇਣ ਵਿੱਚ ਵੀ ਮੋਹਰੀ ਹੈ। ਇਹ ਸੰਸਥਾ ਸਮੇਂ-ਸਮੇਂ 'ਤੇ ਅਜਿਹੇ ਮੌਕੇ ਪੈਦਾ ਕਰਦੀ ਹੈ ਜੋ ਸਾਡੇ ਸਮਾਜ ਦੀ ਅਗਵਾਈ ਕਰਨ ਵਿੱਚ ਬੇਹੱਦ ਲਾਹੇਵੰਦ ਸਾਬਤ ਹੁੰਦੇ ਹਨ। ਇਸ ਸੰਸਥਾ ਦੇ ਯੂਥ ਕਲੱਬ ਦੇ ਵਿਦਿਆਰਥੀਆਂ ਵੱਲੋਂ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਨੂੰ ਉਜਾਗਰ ਕਰਦਾ ਇੱਕ ਨੁੱਕੜ ਨਾਟਕ ਪੇਸ਼ ਕੀਤਾ ਗਿਆ। ਇਹ ਨਾਟਕ ਬਰਗਾੜੀ, ਗੋਨਿਆਣਾ, ਜਲਾਲ ਅਤੇ ਥਰਾਜ ਵਿਖੇ ਪੇਸ਼ ਕੀਤਾ ਗਿਆ। ਇਸ ਨੁੱਕੜ ਨਾਟਕ ਰਾਹੀਂ ਵਿਦਿਆਰਥੀਆਂ ਨੇ ਸਮਾਜ ਨੂੰ ਬੁਜ਼ਰਗਾਂ ਦਾ ਸਤਿਕਾਰ ਕਰਨ, ਉਹਨਾਂ ਦੀ ਦੇਖਭਾਲ ਕਰਨ, ਉਨ੍ਹਾਂ ਦੀਆਂ ਲੋੜਾਂ ਦਾ ਧਿਆਨ ਰੱਖਣ ਤਾਂ ਜੋ ਸਾਡੇ ਬਜ਼ੁਰਗ ਧੀਆਂ- ਪੁੱਤਰਾਂ ਦੇ ਹੁੰਦੇ ਹੋਏ ਵੀ ਬਿਰਧ ਆਸ਼ਰਮ ਦਾ ਹਿੱਸਾ ਨਾ ਬਣਕੇ ਸਾਡੇ ਸਮਾਜ ਅਤੇ ਘਰਾਂ ਦੀ ਸ਼ਾਨ ਬਣਨ। ਇਸ ਦੇ ਨਾਲ-ਨਾਲ ਧੀਆਂ ਲਈ ਵੀ



ਸਤਿਕਾਰ ਦੀ ਮੰਗ ਕਰਦਿਆ, ਇਸ ਨਾਟਕ ਰਾਹੀਂ ਸੁਨੇਹਾ ਦਿੱਤਾ ਗਿਆ ਕਿ ਧੀਆਂ ਸਾਡੀ ਧਿਰ ਹੁੰਦੀਆਂ ਹਨ, ਸਾਡਾ ਮਾਣ ਹੁੰਦੀਆਂ ਹਨ, ਸਾਡੀ ਸ਼ਾਨ ਬਣਦੀਆਂ ਹਨ। ਇਸ ਨਾਟਕ ਨੂੰ ਸਾਰੇ ਥਾਵਾਂ ਤੇ ਭਰ੍ਵਾਂ ਹੁੰਗਾਰਾ ਮਿਲਿਆ। ਇਸ ਸੰਬੰਧੀ ਦਰਸ਼ਕਾਂ ਵੱਲੋਂ ਵੀ ਆਪਣੇ ਅਨਮੋਲ ਵਿਚਾਰ ਪੇਸ਼ ਕੀਤੇ ਗਏ। ਇਸ ਸਮੇਂ ਸਕੂਲ ਦੇ ਪ੍ਰਿੰਸੀਪਲ ਸ੍ਰੀ ਰੂਪ ਲਾਲ ਬਾਂਸਲ ਜੀ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆ ਕਿਹਾ ਕਿ ਅੱਜ ਸੱਚਮੁੱਚ ਹੀ ਸਮਾਜ ਨੂੰ ਅਜਿਹੀਆਂ ਸਿੱਖਿਆਵਾਂ ਦੀ ਜ਼ਰੂਰਤ ਹੈ।ਉਹਨਾਂ ਨੇ ਵਿਦਿਆਰਥੀਆਂ ਨੂੰ ਇਹ ਸਿੱਖਿਆਵਾਂ ਉਮਰ ਭਰ ਲਈ ਪੱਲੇ ਬੰਨਣ ਦਾ ਸੁਨੇਹਾ ਦਿੱਤਾ। ਇਸ ਸਮੇਂ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਮੈਂਬਰ ਸ. ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ 'ਸ਼ੈਰੀ ਢਿੱਲੋਂ' (ਵਾਈਸ ਚੇਅਰਮੈਨ), ਗੁਰਮੀਤ ਸਿੰਘ ਗਿੱਲ ਸਰਪੰਚ (ਵਿੱਤ-ਸਕੱਤਰ), ਨੇ ਵੀ ਇਸ ਨਾਟਕ ਦੀ ਪੇਸ਼ਕਾਰੀ ਦੀ ਸ਼ਲਾਘਾ ਕੀਤੀ।

## ਨਾਮਵਰ ਪੰਜਾਬੀ ਸਾਹਿਤਕਾਰ ਇੰਦਰਜੀਤ ਕੌਰ ਸਿੱਧੂ ਨਹੀਂ ਰਹੇ

ਹਰਦਮ ਮਾਨ



ਸਰੀ, 1 ਅਕਤੂਬਰ : ਸਰੀ ਸ਼ਹਿਰ ਦੀ ਨਾਮਵਰ ਪੰਜਾਬੀ ਸਾਹਿਤਕਾਰ ਇੰਦਰਜੀਤ ਕੌਰ ਸਿੱਧੂ ਅੱਜ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ 85 ਸਾਲ ਦੇ ਸਨ ਅਤੇ ਪਿਛਲੇ ਕੁਝ ਦਿਨਾਂ ਤੋਂ ਹਸਪਤਾਲ ਵਿੱਚ ਜ਼ੇਰੇ-ਇਲਾਜ ਸਨ। ਇੰਦਰਜੀਤ ਕੌਰ ਸਿੱਧੂ ਨੂੰ ਬਹੁਤ ਹੀ ਬੇਬਾਕ ਅਤੇ ਦਲੇਰਾਨਾ ਲੇਖਿਕਾ ਵਜੋਂ ਜਾਣਿਆ ਜਾਂਦਾ ਹੈ। ਸਾਹਿਤਕ ਸਫ਼ਰ ਵਿਚ ਉਨ੍ਹਾਂ ਦੇ ਕਰੀਬੀ ਰਹੇ ਸਰੀ ਦੇ ਸਹਿਤਕਾਰਾਂ ਨੇ ਆਪਣੇ ਵੱਖ-ਵੱਖ ਸੋਗਮਈ ਸੁਨੇਹਿਆਂ ਵਿੱਚ ਉਹਨਾਂ ਦੀ ਮੌਤ ਉਪਰ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਉਹਨਾਂ ਦੇ ਬਹੁਤ ਹੀ ਕਰੀਬੀ ਰਹੇ ਪ੍ਰਿੰਸੀਪਲ ਸੁਰਿੰਦਰ ਪਾਲ ਕੌਰ ਬਰਾੜ ਨੇ ਆਪਣੇ ਸ਼ੋਕ ਸੁਨੇਹੇ ਵਿੱਚ ਕਿਹਾ ਹੈ ਕਿ ਇੰਦਰਜੀਤ ਕੌਰ ਦੀ ਮੌਤ ਨਾਲ ਅਸੀਂ ਆਪਣਾ ਇੱਕ ਅਨਮੋਲ ਹੀਰਾ ਗਵਾ ਦਿੱਤਾ ਹੈ। ਇਹ ਸਾਡੇ ਸਾਰਿਆਂ ਲਈ ਬਹੁਤ ਵੱਡਾ ਘਾਟਾ ਹੈ। ਉਹ ਬਹੁਤ ਹੀ ਦਲੇਰ ਤੇ ਸਿੱਧੀ ਸਾਧੀ ਲੇਖਿਕਾ ਸਨ। ਅਸੀਂ ਉਹਨਾਂ ਨੂੰ ਕਦੇ ਵੀ ਨਹੀਂ ਭੁੱਲ ਸਕਾਂਗੇ ਅਤੇ ਉਹ ਹਮੇਸ਼ਾ ਪੰਜਾਬੀ ਲੇਖਕਾਂ ਲਈ ਇੱਕ ਮੀਲ ਪੱਥਰ ਬਣੇ ਰਹਿਣਗੇ। ਵੈਨਕੂਵਰ ਵਿਚਾਰ ਮੰਚ ਦੇ ਪ੍ਰਸਿੱਧ ਸ਼ਾਇਰ ਮੋਹਨ ਗਿੱਲ ਨੇ ਵੀ ਉਹਨਾਂ ਦੀ ਮੌਤ ਉੱਪਰ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਇੰਦਰਜੀਤ ਕੌਰ ਸਿੱਧੂ ਪੰਜਾਬੀ ਸਾਹਿਤ ਵਿੱਚ ਇੱਕ ਵਿਲੱਖਣ ਸਾਹਿਤਕਾਰ ਸਨ। ਉਨਾਂ ਸਾਹਿਤ ਰਚਿਆ ਹੀ ਨਹੀਂ ਬਲਕਿ ਸਾਹਿਤ ਜੀਵਿਆ ਹੈ। ਬੇਬਾਕ, ਬਿਨਾ ਕਿਸੇ ਡਰ ਭੈਅ ਦੇ ਹਰ ਇੱਕ ਬੇਇਨਸਾਫੀ ਦੇ ਖਿਲਾਫ ਉਹਨਾਂ ਡਟ ਕੇ ਲਿਖਿਆ ਹੈ। ਬੇਸ਼ਕ ਉਹ ਸਾਨੂੰ ਸਰੀਰਕ ਤੌਰ 'ਤੇ ਵਿਛੋੜਾ ਦੇ ਗਏ ਹਨ ਪਰ ਉਹਨਾਂ ਦੀਆਂ ਰਚਨਾਵਾਂ ਰਹਿੰਦੀ ਦੁਨੀਆਂ ਤੱਕ ਜੀਵਿਤ ਰਹਿਣਗੀਆਂ। ਮੋਹਨ ਗਿੱਲ ਨੇ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਪਰਿਵਾਰ ਨਾਲ ਦਿਲੀ ਹਮਦਰਦੀ ਪ੍ਰਗਟ ਕੀਤੀ ਹੈ

ਜ਼ਿਕਰਯੋਗ ਹੈ ਕਿ ਇੰਦਰਜੀਤ ਕੌਰ ਸਿੱਧੂ ਨੇ ਕਵਿਤਾ ਅਤੇ ਵਾਰਤਕ ਦੇ ਰੂਪ ਵਿਚ ਤਿੰਨ ਦਰਜਨ ਦੇ ਕਰੀਬ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ। ਪੰਜਾਬ ਵਿੱਚ ਰਹਿੰਦੇ ਹੋਏ ਉਹਨਾਂ ਨੇ 84 ਦੇ ਹਰਿਮੰਦਰ ਸਾਹਿਬ 'ਤੇ ਹਮਲੇ ਸਮੇਂ 'ਅਕਾਲ ਤਖਤ ਦੀ ਵਾਰ' ਲਿਖੀ ਸੀ ਜਿਸ 'ਤੇ ਸਰਕਾਰ ਨੇ ਪਾਬੰਦੀ ਲਾ ਦਿੱਤੀ ਸੀ। ਉਸ ਤੋਂ ਬਾਅਦ ਕਨੇਡਾ ਆ ਕੇ ਸਾਹਿਤ ਜਗਤ ਵਿੱਚ ਉਹਨਾਂ ਨੇ ਭਰਪੂਰ ਹਾਜਰੀ ਲਗਵਾਈ। ਉਹ ਸਰੀ ਤੋਂ ਛਪਦੇ ਹਫਤਾਵਾਰੀ ਅਖਬਾਰ 'ਇੰਡੋ ਕੈਨੇਡੀਅਨ ਟਾਈਮਜ਼' ਵਿਚ ਆਪਣੇ ਲੜੀਵਾਰ ਕਾਲਮ ਵਿਚ ਹਰ ਇਕ ਧੱਕੇਸ਼ਾਹੀ ਅਤੇ ਗ਼ੈਰ ਸਮਾਜਿਕ ਵਰਤਾਰੇ ਵਿਰੁੱਧ ਧੜੱਲੇ ਨਾਲ ਲਿਖਿਆ ਅਤੇ ਆਪਣੀ ਲੇਖਣੀ ਰਾਹੀਂ ਹਮੇਸ਼ਾ ਸਹੀ ਲੋਕਾਂ ਦੇ ਹੱਕ ਵਿੱਚ ਵੀ ਆਵਾਜ਼ ਬੁਲੰਦ ਕੀਤੀ।

ਇਸੇ ਦੌਰਾਨ ਨਾਮਵਰ ਨਾਵਲਕਾਰ ਜਰਨੈਲ ਸਿੰਘ ਸੇਖਾ, ਗਜ਼ਲ ਮੰਚ ਦੇ ਸ਼ਾਇਰ ਜਸਵਿੰਦਰ, ਰਾਜਵੰਤ ਰਾਜ, ਦਵਿੰਦਰ ਗੌਤਮ, ਹਰਦਮ ਸਿੰਘ ਮਾਨ, ਪ੍ਰੀਤ ਮਨਪ੍ਰੀਤ, ਦਸ਼ਮੇਸ਼ ਗਿੱਲ ਫਿਰੋਜ਼, ਸੁਖਜੀਤ ਕੌਰ ਅਤੇ ਗੁਰਮੀਤ ਸਿੱਧੂ, ਰੇਡੀਓ ਹੋਸਟ ਅੰਗਰੇਜ਼ ਬਰਾੜ, ਪ੍ਰਸਿੱਧ ਵਿਦਵਾਨ ਡਾ. ਗੁਵਿੰਦਰ ਸਿੰਘ ਧਾਲੀਵਾਲ ਅਤੇ ਬਹੁਤ ਸਾਰੇ ਲੇਖਕਾਂ ਨੇ ਵੀ ਇੰਦਰਜੀਤ ਕੌਰ ਦੀ ਦੇਸ ਸਦੀਵੀ ਵਿਛੋੜੇ ਉੱਪਰ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਹੈ।

## ਡੀ.ਸੀ.ਐੱਮ. ਸਕੂਲ ਕੋਟਕਪੂਰਾ ਵਿਖੇ ਦੁਸਹਿਰੇ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ

### ਸਾਨੂੰ ਹਮੇਸ਼ਾਂ ਸੱਚ ਦੇ ਮਾਰਗ 'ਤੇ ਚੱਲਣਾ ਚਾਹੀਦਾ ਹੈ : ਪ੍ਰਿੰਸੀਪਲ ਮੀਨਾਕਸ਼ੀ ਸ਼ਰਮਾ

ਟਿੰਕੂ ਕੁਮਾਰ



ਕੋਟਕਪੂਰਾ, 1 ਅਕਤੂਬਰ : ਇਲਾਕੇ ਦੀ ਨਾਮਵਰ ਸਿੱਖਿਆ ਸੰਸਥਾ ਡੀ.ਸੀ.ਐੱਮ. ਇੰਟਰਨੈਸ਼ਨਲ ਸਕੂਲ ਕੋਟਕਪੂਰਾ ਵਿਖੇ ਦੁਸਹਿਰੇ ਦੇ ਤਿਉਹਾਰ ਮੌਕੇ ਪ੍ਰਿੰਸੀਪਲ ਸ਼੍ਰੀਮਤੀ ਮੀਨਾਕਸ਼ੀ ਸ਼ਰਮਾ ਦੀ ਅਗਵਾਈ ਹੇਠ ਸਕੂਲ ਦੇ ਵੱਖ-ਵੱਖ ਹਾਊਸਾਂ ਦੇ ਇਨਚਾਰਜ ਅਧਿਆਪਕ ਅਤੇ ਕੌਂਸਲਿਗ ਵਿਦਿਆਰਥੀਆਂ ਨੇ ਐਕਟੀਵਿਟੀ ਅਧਿਆਪਕਾਂ ਦੇ ਸਹਿਯੋਗ ਨਾਲ ਇਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਵਿੱਚ ਪਹੁੰਚੇ ਮੁੱਖ ਮਹਿਮਾਨ ਤੌਰ 'ਤੇ ਰਾਜ ਕੁਮਾਰ ਅਗਰਵਾਲ, ਸਕੂਲ ਦੇ ਸਰਪ੍ਰਸਤ ਅਸ਼ੋਕ ਚਾਵਲਾ, ਸ਼੍ਰੀਮਤੀ ਕਾਜਲ ਮਿੱਤਲ ਨੇ ਸਕੂਲ ਪਹੁੰਚਣ 'ਤੇ ਤਿਲਕ ਲਾ ਕੇ ਰਸਮ ਅਦਾ ਕੀਤੀ, ਇਸ ਸਮਾਗਮ ਵਿੱਚ ਪਹੁੰਚਣ 'ਤੇ ਸਵਾਗਤ ਕੀਤਾ ਗਿਆ ਅਤੇ ਨਾਲ ਹੀ ਇਸ ਪ੍ਰੋਗਰਾਮ ਦੀ ਸ਼ੁਰੂਆਤ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਦੁਆਰਾ ਸੁੰਦਰ ਭਜਨ 'ਰਾਮ ਜੀ ਕੀ ਨਿਕਲੀ ਸਵਾਰੀ, ਰਾਮ ਜੀ ਕੀ ਲੀਲਾ ਹੈ ਨਿਆਰੀ' ਗਾਇਨ ਕਰਕੇ ਕੀਤੀ। ਇਸ ਤੋਂ ਇਲਾਵਾ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਵੱਲੋਂ ਕਵਿਤਾਵਾਂ, ਗੀਤ ਅਤੇ ਰਮਾਇਣ ਦੀ ਪੇਸ਼ਕਾਰੀ ਕੀਤੀ ਗਈ। ਇਸ ਸਮੇਂ ਦੁਸਹਿਰੇ ਦੇ ਤਿਉਹਾਰ ਦੀ ਵਧਾਈ ਦਿੰਦਿਆਂ ਪ੍ਰਿੰਸੀਪਲ ਸ਼੍ਰੀਮਤੀ ਮੀਨਾਕਸ਼ੀ ਸ਼ਰਮਾ ਨੇ ਕਿਹਾ ਕਿ ਸਾਨੂੰ ਇਹਨਾਂ ਸਮਾਜਿਕ ਬੁਰਾਈਆਂ ਦਾ ਅੰਤ ਕਰਨ ਲਈ ਇਕ ਦੂਜੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹੋਣ ਦੀ ਲੋੜ ਹੈ, ਤਾਂ ਜੋ ਇੱਕ ਸੁਚੱਜਾ ਸਮਾਜ ਸਿਰਜਿਆ ਜਾ ਸਕੇ। ਉਹਨਾਂ ਕਿਹਾ ਕਿ ਇਸ ਦਿਨ ਨੂੰ ਰਾਵਣ ਦਹਿਨ ਦਾ ਦਿਨ ਨਾ ਸਮਝਿਆ ਜਾਵੇ, ਸਗੋਂ ਇਸ ਦੀ ਗਹਿਰਾਈ ਨੂੰ ਸਮਝ ਕੇ ਰਾਵਣ ਰੂਪੀ ਬੁਰਾਈ ਤੋਂ ਸਮਾਜ ਨੂੰ ਅਜ਼ਾਦ ਕਰਵਾਉਣ ਲਈ ਰਾਮ ਰੂਪੀ ਸ਼ਕਤੀ ਨੂੰ ਅੱਗੇ ਲਿਆਉਣ ਦੀ ਲੋੜ ਹੈ। ਬੱਚਿਆਂ ਨੂੰ ਭਗਵਾਨ ਰਾਮ ਦੇ ਆਦਰਸ਼ਾਂ 'ਤੇ ਚੱਲਣ ਦੀ ਸਿੱਖਿਆ ਦਿੱਤੀ ਅਤੇ ਹਮੇਸ਼ਾ ਸੱਚ ਦੇ ਮਾਰਗ' ਤੇ ਚੱਲਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਸੱਚ ਨੂੰ ਦਬਾਇਆ ਜਾ ਸਕਦਾ ਹੈ ਪਰ ਹਰਾਇਆ ਨਹੀਂ ਜਾ ਸਕਦਾ। ਸਾਨੂੰ ਹਮੇਸ਼ਾ ਸੱਚ ਦੇ ਮਾਰਗ 'ਤੇ ਚੱਲਣਾ ਚਾਹੀਦਾ ਹੈ। ਕਿੰਨੀਆਂ ਮਰਜ਼ੀ ਮੁਸ਼ਕਿਲਾਂ ਹੋਣ ਅੰਤ ਵਿੱਚ ਜਿੱਤ ਸੱਚ ਦੀ ਹੀ ਹੁੰਦੀ ਹੈ। ਇਸ ਤੋਂ ਬਾਅਦ ਆਪਣੇ ਸੰਬੋਧਨ ਵਿੱਚ ਅਸ਼ੋਕ ਚਾਵਲਾ ਨੇ ਕਿਹਾ ਕਿ ਦੇਸ਼ ਭਰ ਵਿੱਚ ਮਨਾਏ ਜਾਣ ਵਾਲੇ ਇਸ ਦੁਸਹਿਰੇ ਦੇ ਤਿਉਹਾਰ ਤੇ ਵਿਅਕਤੀ ਆਪਣੇ ਅੰਦਰ ਲਾਲਚ, ਮੋਹ, ਹੰਕਾਰ, ਆਲਸ, ਹਿੰਸਾ ਵਰਗੀਆਂ ਭਾਵਨਾਵਾਂ ਦਾ ਅੰਤ ਕਰਨ ਲਈ ਪ੍ਰੇਰਿਤ ਹੁੰਦਾ ਹੈ। ਅੰਤ ਵਿੱਚ ਉਨ੍ਹਾਂ ਇਸ ਪ੍ਰੋਗਰਾਮ ਨੂੰ ਉਲੀਕਣ ਵਾਲੇ ਅਧਿਆਪਕ ਸਹਿਬਾਨਾਂ ਅਤੇ ਵਿਦਿਆਰਥੀਆਂ ਦਾ ਬਹੁਤ-ਬਹੁਤ ਧੰਨਵਾਦ ਕੀਤਾ। ਸਕੂਲ ਵਿਖੇ ਇੱਕ ਵੱਡ ਆਕਾਰੀ ਰਾਵਣ ਦਾ ਪੁਤਲਾ ਤਿਆਰ ਕੀਤਾ ਗਿਆ ਜਿਸ ਵਿੱਚ ਸਕੂਲ ਦੇ ਅਧਿਆਪਕ ਯਾਦਵਿੰਦਰ ਸਿੰਘ ਤੇ ਸਕੂਲ ਦੇ ਹੋਰ ਸਟਾਫ ਦੀ ਵੱਢਮੁੱਲ ਭੂਮਿਕਾ ਰਹੀ। ਰਾਵਣ ਦਹਿਨ ਤੋਂ ਪਹਿਲਾਂ ਰਾਮਲੀਲਾ ਦਾ ਲਾਇਵ ਚਿਤਰਨ ਕੀਤਾ ਗਿਆ। ਸਕੂਲ ਦੇ ਨੌਵੀਂ ਸ਼੍ਰੇਣੀ ਦੇ ਵਿਦਿਆਰਥੀ ਜਿਗਰ ਚੌਧਰੀ ਨੇ ਸ਼੍ਰੀਰਾਮ ਚੰਦਰ, ਵਿਦਿਆਰਥੀ ਗੋਰਵ ਮਹਿਤਾ ਸ਼੍ਰੇਣੀ ਨੌਵੀਂ ਨੇ ਲਕਸ਼ਮਣ ਅਤੇ ਵਿਦਿਆਰਥਣ ਨਵਜੋਤ ਸ਼੍ਰੇਣੀ ਨੌਵੀਂ ਨੇ ਸੀਤਾ ਅਤੇ ਨਵਾਬ ਅਲੀ ਨੇ ਹਨੂੰਮਾਨ ਦੀ ਭੂਮਿਕਾ ਨਿਭਾਈ। ਇਸ ਸਾਰੇ ਪ੍ਰੋਗਰਾਮ ਦੀ ਤਿਆਰੀ ਸਕੂਲ ਦੇ ਡਾਂਸ ਅਧਿਆਪਕ ਸ਼ਿਵ ਦਿਉੜਾ ਵੱਲੋਂ ਕਰਵਾਈ ਗਈ। ਅੰਤ ਵਿੱਚ ਰਾਵਣ ਦੇ ਪੁਤਲੇ ਦਾ ਦਹਿਨ ਕਰਕੇ ਰਸਮੀ ਤੌਰ 'ਤੇ ਦੁਸਹਿਰੇ ਦਾ ਤਿਉਹਾਰ ਮਨਾਇਆ ਗਿਆ। ਇਸ ਸਮੇਂ ਸਮੂਹ ਆਧਿਆਪਕ ਅਤੇ ਵਿਦਿਆਰਥੀ ਸ਼ਾਮਲ ਸਨ।


## ਗ਼ਜ਼ਲ

ਮਹਿੰਦਰ ਸਿੰਘ ਮਾਨ

ਕੱਲ੍ਹ ਕੋਈ ਮਿਲਿਆ ਹੋਣਾ ਯਾਰਾ, ਜ਼ਰੂਰ ਤੈਨੂੰ,
ਤਾਂ ਹੀ ਤਾਂ ਭੁੱਲਿਆ ਲੱਗਦਾ ਆਪਣਾ ਕਸੂਰ ਤੈਨੂੰ।
ਪੀ ਕੇ ਸ਼ਰਾਬ ਤੈਨੂੰ ਭੁੱਲ ਜਾਣ ਆਪਣੇ ਵੀ,
ਦੱਸੀਂ ਕਿਹੋ ਜਿਹਾ ਚੜ੍ਹਦਾ ਇਹ ਸਰੂਰ ਤੈਨੂੰ।
ਮੈਂ ਵੇਖਦਾ ਰਿਹਾ ਚੁੱਪ ਕਰਕੇ ਤੇਰੇ ਕੰਮਾਂ ਨੂੰ,
ਕੀ ਮਿਲਣਾ ਸੀ ਭਲਾ ਮੈਨੂੰ ਐਵੇਂ ਘੂਰ ਤੈਨੂੰ।
ਇਹ ਦਿੰਦੀ ਹੈ ਸਹਾਰਾ ਮਾਰੂਥਲਾਂ 'ਚ ਸਭ ਨੂੰ,
ਨਾ ਲੱਗੇ ਚੰਗੀ, ਜੇ ਨਹੀਂ ਲੱਗਦੀ ਖਜੂਰ ਤੈਨੂੰ।
ਦਿਸਿਆ ਨਾ ਤੂੰ ਕਦੇ ਮੇਰੇ ਦਿਲ ਦੇ ਅਰਸ਼ ਉੱਤੇ,
ਏਸੇ ਲਈ ਸਮਝਦਾਂ ਮੈਂ ਚੰਨ ਬੇਨੂਰ ਤੈਨੂੰ।
ਜਦ ਕੋਲ ਸਾਡੇ ਕੁਝ ਨਾ ਫਿਰ ਕਿਉਂ ਕਿਸੇ ਤੋਂ ਡਰੀਏ?
ਦੇਵੇਗਾ ਡੋਬ ਪਰ ਮਾਇਆ ਦਾ ਗਰੂਰ ਤੈਨੂੰ।
ਤੇਰੀ ਗਰੀਬੀ ਤੋਂ ਕੀ ਲੋਕਾਂ ਨੇ ਲੈਣਾ 'ਮਾਨਾ',
ਤੇਰੇ ਹੀ ਵਧੀਆ ਸ਼ਿਅਰਾਂ ਕਰਨਾ ਮਸ਼ਹੂਰ ਤੈਨੂੰ।

## ਗੁਰਬਾਣੀ ਦਾ ਗੁਰਮਤਿ

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ



ਸਤਿਗੁਰੂ, ਸਮਰੱਥਾ ਇਹ ਇਕ ਕਿਤਾਬ ਹੈ ਰਾਧਾ ਸੁਆਮੀਆਂ ਦੀ ਪੁਸਤਕ ਪੰਨਾ 329 ਤੇ ਰਾਧਾ ਸੁਆਮੀਆਂ ਪਾਸ ਆਪਣੀ ਵਿਚਾਰਧਾਰਾ ਜੋਂ ਉਹ ਹੈ ਉਸ ਦੀ ਪੁਸ਼ਤੀ ਉਹ ਲਗਭਗ ਗੁਰਬਾਣੀ ਤੋਂ ਹੀ ਕਰਨਾ ਕਰਾਉਣਾ ਚਾਹੁੰਦੇ ਹਨ।

ਉਹਨਾਂ ਨੂੰ ਗੁਰਬਾਣੀ ਦਾ ਗੁਰਮਤਿ ਦਾ ਸਹੀ ਪਤਾ ਨਹੀਂ ਹੁੰਦਾ ਜਾਂ ਥੋੜ੍ਹਾਂ ਹੀ ਹੁੰਦਾ ਹੈ। ਇਸ ਲਈ ਸਿੱਟਾ ਇਹ ਨਿਕਲਦਾ ਹੈ ਕਿ ਗੁਰਮਤਿ ਦੀ ਰੂਪ ਰੈਖਾ ਵਿਗਾੜ ਕੇ ਰੱਖ ਦਿੱਤੀ ਜਾਂਦੀ ਹੈ। ਜਿਸ ਨਾਲ ਸਿੱਖਾਂ ਦੇ ਦਿਲ ਬਹੁਤ ਦੁਖੀ ਹੁੰਦੇ ਹਨ। ਕੀ ਇਹ ਹਨੇਰ ਵਾਲੀ ਗੱਲ ਨਹੀਂ ਹੈ ।ਇਹ ਲੋਕ ਆਪਣੇ ਆਪ ਨੂੰ ਸੱਚੇ ਧਰਮ ਵਾਲੀ ਪ੍ਰਗਟ ਕਰਨ ਤੇ ਲੱਗੇ ਹੋਏ ਹਨ। ਛਕਦੇ ਵੀ ਨਹੀਂ ਹਨ। ਉਹ ਦੂਸਰੇ ਧਰਧਾਰੀਆਂ ਨਾਲ ਬੈਇਨਸਾਫੀ ਇਸ ਕਿਸਮ ਦੂ ਬੇਇਨਸਾਫ਼ੀ ਲਗਾਤਾਰ ਕਰਦੇ ਚਲੇ ਜਾਂਦੇ ਹਨ। ਗੁਰੂ ਪਦ ਸੰਬੰਧੀ ਰਾਧਾ ਸੁਆਮੀਆਂ ਦੇ ਵਿਚਾਰਾ ਨੂੰ ਗੁਰਮਤਿ ਦੇ ਵਿਚਾਰਾਂ ਨਾਲ ਟਕਰਾ ਕੇ ਵਿਆਖਿਆ ਸੀ ਕਿ ਉਹਨਾਂ ਦੇ ਵਿਚਾਰ ਧਾਰਾ ਗੁਰਸਿੱਖੀ ਤੋਂ ਬਹੁਤ ਹੀ ਦੂਰ ਹੈ।

ਇਸ ਲਈ ਉਹ ਆਪਣੀ ਵਿਚਾਰਧਾਰਾ ਦੀ ਪੁਸ਼ਟੀ ਸਿੱਖੀ ਵਿਚਾਰਧਾਰਾ ਤੋਂ। ਨਾ ਕਰਿਆ ਕਰਨ। ਪਰ ਉਹਨਾਂ ਵਲੋਂ ਨਵੀਂ ਛਪੀ ਪੁਸਤਕ ਵਿਚ ਉਹ ਹੰਕਾਰੀਆਂ ਵਾਲੀ ਹੱਠ ਧਰਮੀ ਤੇ ਜੀਦ ਨੂੰ ਛੱਡ ਨਹੀਂ ਸਕੇ।

ਕੀ ਇਹ ਧਰਮ ਦਾ ਪ੍ਰਚਾਰ ਹੋ ਰਿਹਾ ਹੈ। ਕੀ ਇਹਨਾਂ ਨੂੰ ਇਨਸਾਨੀ ਪਧਰ ਤੇ ਆ ਕੇ ਸੋਚਣਾ ਨਹੀਂ ਚਾਹਿਦਾ ਹੈ। ਕੀ ਸਿੱਖ ਹੀ ਸਦਾ ਹੀ ਇਸ ਕਿਸਮ ਦਾ ਅਨਿਆਇ ਨੂੰ ਬਰਦਾਸ਼ਤ ਕਰਦੇ ਚਲੇ ਜਾਣਗੇ।

ਉਸ ਪੁਸਤਕ ਦੇ ਕੁਝ ਹਵਾਲੇ ਪੇਸ਼ ਹਨ।

ਪਹਿਲਾਂ ਦਸਣਾ ਹੈ ਇਸ ਵਿਚ ਕਈਈ ਗੱਲਾਬੜੇ ਹੀ ਅਣਜਾਇਆਂ ਵਾਲੀਆਂ ਸਗੋਂ ਬੱਚਿਆਂ ਵਾਲੀਆਂ ਹਨ ਪਰ ਉਹਨਾਂ ਗੱਲਾਂ ਨਾਲ ਬਦੋਬਦੀ ਜੋੜਿਆ ਸਿੰਘ ਗੁਰੂਆਂ ਨਾਲ ਹੀ ਜਾਂਦਾ ਹੈ

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।।
ਏਤੇ ਚਾਨਣ ਸੋਧਿਆ ਗੁਰ ਬਿਨੁ ਘੋਰ ਅੰਧਾਰ।।

ਇਹ ਗੁਰੂ ਦਾ ਮਹਾਂ ਵਾਕ ਉਚਾਰਿਆ ਹੈ ਉਸ ਦੀ ਅਸਲ ਮਹਾਨਤਾ ਤਿਆਰ ਖੰਡ ਵਿਚ ਪਹੁੰਚ ਕੇ ਮਾਲੂਮ ਹੁੰਦੀ ਹੈ। ਉਸ ਜਗ੍ਹਾ ਸਤਿਗੁਰ ਦੇ ਮਹਾਂ ਪ੍ਰਕਾਸਵਾਨ ਸਰੂਪ ਦੀ ਸਹਾਇਤਾ ਤੋਂ ਬਿਨਾਂ ਜੀਵਨ ਇਕ ਕਦਮ ਵੀ ਅੱਗੇ ਚਲਣਾ ਅਸੰਭਵ ਹੈ।

ਬਾਬਾ ਸਾਵਣ ਸਿੰਘ ਫ਼ੁਰਮਾਇਆ ਕਰਦੇ ਸਨ ਕਿ ਨੇਕ ਰੂਹਾਂ ਜਿਨ੍ਹਾਂ ਨੂੰ ਇਸ ਤੋਂ ਅਗਲੇ ਮੁਕਾਮ ਦਾ ਸਤਿਗੁਰੂ ਨਹੀਂ ਮਿਲਿਆ ਉਸ ਤਿਮਰ ਖੰਡ ਵਿਚ ਭਟਕ ਰਹੀਆਂ ਹਨ।

ਸ੍ਰੀ ਗੁਰੂ ਅਰਜਨ ਦੇਵ ਜੁੜ ਨੇ ਧਰਮ ਰਾਜ ਦੇ ਮੂੰਹੋਂ ਆਪਣੇ ਦੂਤਾਂ ਨੂੰ ਅਖਵਾਇਆ ਹੈ ਕਿ ਜਿਥੇ ਅਕਾਲ ਪੁਰਖ ਦੈ ਸੱਚੇ ਨਾਮ ਦਾ ਭਾਵ ਨਾਲ ਦਾ ਜਾਪ ਹੋ ਰਿਹਾ ਹੋਵੇ ਉਸ ਅਸਥਾਨ ਦੇ ਨੇੜੇ ਨਹੀਂ ਜਾਣਾ ਨਹੀਂ ਤੇ ਤੁਝੁ ਬੱਧੇ ਹੋਏ ਛੁਟੋਗੇ।ਨਾ ਹੀ ਮੈਂ ਛੁਟਾਂਗਾ।

ਇਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਪੂਰੇ ਗੁਰੂ ਦੀ ਬਾਣੀ ਹੁਣ ਜਮਾਂ ਦੇ ਧੋਖਿਆਂ ਤੋਂ ਚਲਿੱਤਰਾਂ ਤੋ ਬਚ ਸਕਦੇ ਹਨ। ਦੂਜੈ ਲੋਕਾਂ ਦਾ ਹਰ ਸਮੇਂ ਧੋਖਾ ਖਾ ਜਾਣ ਦਾ ਡਰ ਹੋ ਜਾਂਦਾ ਹੈ। ਇਸ ਕਰਕੇ ਗੁਰੂ ਜੀ ਉਪਦੇਸ਼ ਦੇਂਦੇ ਹਨ ਕਿ ਸੱਚੇ ਸੰਤਾਂ ਨਾਲ ਜੁੜ ਹੋ ਤੇ ਨਾਮ ਕਮਾਈ ਵਾਲੇ ਸੰਤਾਂ ਤੋਂ ਹੀ ਪੂਰਨ ਰੂਪ ਵਿਚ ਮੌਤ ਸਾਡੀ ਸੰਭਾਲ ਕਰਦੇ ਹਨ। ਜਿੱਥੇ ਜਿੱਥੇ ਸ਼ੈਤਾਨੀ ਤਾਕਤਾਂ ਰਾਹ ਰੋਕਦੀਆਂ ਹਨ। ਤਾਂ ਪੂਰਾ ਸਤਿਗੁਰੂ ਹੀ ਜੀਵਾਂ ਦੀ ਰੱਖਿਆ ਕਰਦਾ ਹੈ।

## ਬਹਾਰ ਨਾਲੋਂ ਵੀ ਖ਼ੂਬਸੂਰਤ ਏ ਕਨੇਡਾ ਵਿਚ ਪਤਝੜ ਦਾ ਮੌਸਮ

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ



ਬਹਾਰ ਨਾਲੋਂ ਵੀ ਪਰਪੱਕ ਖ਼ੂਬਸੂਰਤ ਹੈ ਕਨੇਡਾ ਵਿਚ ਪਤਝੜ ਦਾ ਰੁਮਾਂਚਿਕ ਮੌਸਮ | ਪਿਛਲੇ ਦਿਨੀਂ ਐਡਮਿੰਟਨ ਤੋਂ ਕਈ-ਕਈ ਸੌ ਮੀਲ ਦੂਰ ਘੁੰਮਣ ਫਿਰਨ ਦਾ ਮੌਕਾ ਮਿਲਿਆ | ਇੱਥੇ ਪਤਝੜ ਸਿਤੰਬਰ ਮਹੀਨੇ ਦੇ ਦੂਸਰੇ ਹਫਤੇ ਤੋਂ ਵੱਖ-ਵੱਖ ਰੰਗਾਂ ਦੀ ਸਿਰਜਨਾਤਮਿਕ ਵਿਖਾਇਆ ਦਾ ਢੋਲ ਵਜਾਅ ਦਿੰਦੀ ਹੈ|

ਕਨੇਡਾ ਦੇ ਲੈਂਡ ਸਕੇਪਿੰਗ ਦੇ ਮਾਹਿਰ ਵਿਗਿਆਨੀਆਂ ਨੇ ਕਈ ਪ੍ਰਕਾਰ ਦੀਆਂ ਜਾਤੀਆਂ, ਸਵਰੂਪਾਂ, ਅਕਾਰਾਂ, ਪ੍ਰਕਾਰਾਂ ਦੇ ਰੁੱਖਾਂ ਨੂੰ ਇਸ ਵਿਉਂਤਬੰਦੀ ਨਾਲ ਸੜਕਾਂ, ਝੀਲਾਂ, ਨਹਿਰਾਂ, ਚੌਂਕਾਂ, ਜੰਗਲਾਂ ਦੁਆਲੇ, ਪਰਬਤਾਂ ਵਿਚ ਲਗਾਇਆ ਹੈ ਕਿ ਰੁੱਖਾਂ ਦੀ ਤਰਤੀਬ, ਤਾਮੀਰ, ਤਾਸੀਰ, ਦਿਸ਼ਾ, ਉਚੀ-ਨੀਵੀਂ ਤਕਸੀਮ ਸ਼ੈਲੀ ਨੂੰ ਇਸ ਖ਼ੂਬਸੂਰਤ ਪ੍ਰਯੋਗਮਈ ਖੋਜਮਈ ਢੰਗ ਨਾਲ ਸ਼ਿਲਪਗਤ ਕੀਤਾ ਹੈ ਕਿ ਅੱਖਾਂ ਜਦ ਇਨ੍ਹਾਂ ਸੁੰਦਰ ਰੰਗ-ਬਿਰੰਗੇ ਰੱਖਾਂ ਨੂੰ ਅਪਣਾਉਂਦੀਆਂ ਹੋਈਆਂ, ਦਿਲ, ਦਿਮਾਗ, ਰੂਹ ਵਿਚ ਪ੍ਰਵੇਸ਼ ਕਰਦੀਆਂ ਹਨ ਤਾਂ ਰੰਗਾਂ ਦੀ ਨਵੀਨ ਵਿਰਾਸਤ, ਰੰਗਾਂ ਦਾ ਸਭਿਆਚਾਰ ਸ਼ੋਖੀਆ ਵਿਚ ਤਬਦੀਲ ਹੋ ਕੇ ਸਵਰਣਯੁਗ ਵਿਚ ਆ ਜਾਂਦਾ ਹੈ|

ਐਡਮਿੰਟਨ ਤੋਂ ਲੈ ਕੇ ਵੈਨਕੂਵਰ ਤੱਕ ਬਾਈ ਰੋਡ ਜਾਂਦਿਆਂ ਰੁੱਖਾਂ ‘ਤੇ ਰੰਗੀਲੀ, ਫਬੀਲੀ, ਨਸ਼ੀਲੀ ਅਹਿਮੀਅਤ ਵੇਖ ਕੇ ਰੂਹ ਆਨੰਦਿਤ ਹੋ ਜਾਂਦੀ ਹੈ | ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਵੇਂ ਕੁਦਰਤ ਨੇ ਸਾਰੀ ਸੁੰਦਰਤਾ ਪਤਝੜ ਵਿਚ ਵਿਭਾਜਨ ਕਰ ਦਿੱਤੀ ਹੋਵੇ | ਜਿਸ ਤਰ੍ਹਾਂ ਕੁਦਰਤੀ ਮੁਸਵਿੱਰ ਨੇ ਅਮੂਰਤ ਬਿੰਬਾਂ ਦਾ ਵਿਆਪਕ ਯਥਾਰਥ ਚਿੱਤਰਣ ਕੀਤਾ ਹੋਵੇ|

ਜਿੱਥੇ ਬਹਾਰਾਂ ਦੇ ਮੌਸਮ ਵਿਚ ਵੱਖ-ਵੱਖ ਦਿਲਕਸ਼-ਦਿਮਾਗਕਸ਼ ਖ਼ੁਸ਼ਬੂਆਂ ਦਾ ਸੰਤੋਸ਼ਜਨਕ ਆਨੰਦ ਉਥੇ ਪਤਝੜ ਵਿਚ ਬਹਾਰਾਂ ਨਾਲੋਂ ਕਿਤੇ ਜ਼ਿਆਦਾ ਰੰਗਾਂ ਦੀ ਸੁੰਦਰ ਨਿਰਾਲੇਪਨ ਵਿਚ ਇਕ ਫਿੱਕੀ-ਫਿੱਕੀ ਅਜੀਬ ਜਿਹੀ ਬੀਅਰ ਦੇ ਸਵਾਦ ਵਰਗੀ ਸੁਗੰਧ ਫੈਲਦੀ ਹੋਈ ਸਾਰੇ ਜਿਸਮ ਵਿਚ ਇਕ ਸਕੂਨ ਉਤਪੰਨ ਕਰ ਦਿੰਦੀ ਹੈ|

ਤੜਕ ਸਵੇਰ ਦੀ ਪਤਝੜ ਦਾ ਮੌਸਮ ਠੰਢਾ ਅਲਬੇਲਾ, ਮਰਮਸਪਰਸ਼ੀ ਅਨੁਭਵ ਨੂੰ ਮੰਥਨ ਕਰਕੇ ਕੋਈ ਹਿਲੋਰਾ ਆਤਮਸਾਤ ਕਰਦਾ ਹੈ|

ਜਦ ਤਰ੍ਹਾਂ-ਤਰ੍ਹਾਂ ਦੇ ਰੁੱਖਾਂ ਦੇ ਪੱਤਿਆਂ ਉਪਰ ਸੂਰਜ ਦੀਆਂ ਉਜਵਲ ਕੋਸੀਆਂ-ਕੋਸੀਆਂ ਕਿਰਨਾਂ ਆਪਣੇ ਗੁਨਗਨੇ ਚੁੰਮਣ ਧਰਦੀਆਂ ਹਨ ਤਾਂ ਰੰਗੀਨ ਪੱਤਿਆਂ ਉਪਰ ਪਈਆਂ ਸ਼ਬਨਮ ਦੀਆਂ ਬੂੰਦਾਂ ਆਲਿੰਗਨਤਾ ਵਿਚ ਓਤ-ਪੋਤ ਹੋ ਕੇ ਮੌਸਮ ਤੋਂ ਸਭ ਕੁਝ ਨੌਛਾਵਰ ਕਰ ਦਿੰਦੀਆਂ ਹਨ | ਕੂਲੇਪਣ ਦਾ ਅਹਿਸਾਸ ਅੰਗੜਾਈ ਲੈ ਕੇ ਕੁਦਰਤ ਦੇ ਅਨੋਖੇ ਸਿਰਜਨ ਦੀ ਤਪਸਿਆ ਵਿਚ ਮਗਨ ਹੋ ਜਾਂਦਾ ਹੈ|

ਇਸ ਮੌਸਮ ਵਿਚ ਲੋਕੀਂ ਸੈਰ ਦਾ ਪੂਰਾ-ਪੂਰਾ ਲੁਤਫ਼ ਉਠਾਉਂਦੇ ਹੋਏ ਰੰਗਾਂ ਦੇ ਤਲਿਸਮੀ ਨਜ਼ਾਰੇ ਨੂੰ ਧਮਣੀਆਂ-ਸਿਰਾਵਾਂ ਵਿਚ ਸ਼ਾਮਿਲ ਕਰਦੇ ਹੋਏ ਆਨੰਦਵਿਭੋਰ ਹੋ-ਹੋ ਜਾਂਦੇ ਹਨ | ਸੁੰਦਰ ਦ੍ਰਿਸ਼, ਠੰਢਕਦਾਰ ਮੌਸਮ ਜਿਸਮ ਨੂੰ ਤਾਜ਼ਗੀ, ਸਫੂਰਤੀ ਨਾਲ ਨਿਹਾਲ ਕਰ ਦਿੰਦਾ ਹੈ|

ਸੁੰਦਰ ਮੌਸਮ ਵਰਗੇ ਸੁੰਦਰ ਲੋਕ ਹਨ ਏਧਰ | ਰੱਖਾਂ ਦੇ ਸੁਭਾਅ ਵਰਗੇ, ਰੰਗ-ਢੰਗ ਵਰਗੇ|

ਦੁਪਹਿਰ ਨੂੰ ਰੰਗ-ਬਿਰੰਗੇ ਰੁੱਖਾਂ ਉਪਰ ਚਮਕਦਾਰ ਰੰਗੀਨੀ ਆਪਣੇ ਪਹਿਲੇ ਅਹਿਸਾਸ ਦੇ ਸੁਖਦ ਪਲਾਂ ਦੀ ਮਹਿਸੂਸਨ ਹਿਰਦੇ ਵਿਚ ਛੱਡਦੀ ਹੈ | ਦੁਪਹਿਰ ਵੇਲੇ ਗਿਰਗਿਟ ਵਾਂਗੂ ਰੰਗ ਬਦਲਦੇ ਪੱਤੇ ਇਵੇਂ ਪ੍ਰਤੀਤ ਹੁੰਦੇ ਜਿਵੇਂ ਰੰਗ-ਬਿਰੰਗੇ ਦੀਵੇ ਝਿਲਮਿਲਾ ਰਹੇ ਹੋਣ|

ਸ਼ਾਮ ਦਾ ਮੌਸਮ ਪਤਝੜ ਨੂੰ ਖਾਮੋਸ਼ ਲਹਿਰੀਏ ਦੇ ਨਿਰਾਲੇਪਣ ਵਿਚ ਠੰਢੀਆਂ ਠਾਰ ਹਵਾਵਾਂ ਨਾਲ ਹੋਰ ਝੂਮਦੇ ਪਲਾਂ ਦਾ ਅਹਿਸਾਸ ਕਰਵਾ ਕੇ ਆਪਣੀ ਸਾਰੇ ਬੀਤੇ ਜੀਵਨ ਦੀ ਵਰਤਮਾਨ ਆਤਮਕਥਾ ਰੰਗਾਂ ਦੀ ਛਹਿਬਰ ਵਿਚ ਪਿਰੋ ਦਿੰਦਾ ਹੈ |

ਸ਼ਾਮ ਦਾ ਡੁੱਬ ਰਿਹਾ ਸੂਰਜ ਜਦ ਰੰਗ-ਬਿਰੰਗੇ ਰੁੱਖਾਂ ਵਿਚ ਮੱਧਮ-ਮੰਥਨ ਲੋਅ ਵਿਚ ਪਰਿਪੂਰਨ ਹੋ ਕੇ ਰੁੱਖਾਂ ਦੀਆਂ ਰੰਗੀਨ ਟਹਿਣੀਆਂ ਵਿਚਕਾਰ ਫਸ ਜਾਂਦਾ ਹੈ ਤਾਂ ਆਲੌਕਿਕਤਾ ਦੀ ਪ੍ਰਭੂਸੱਤਾ ਨਾਲ ਧਰਦੀ ਦੀ ਗੋਦੀ ਵਿਚ ਵਿਆਪਕ ਸੁੰਦਰਤਾ ਮਾਨਵਤਾ-ਸਾਂਝੀਵਾਲਤਾ ਦਾ ਸੰਦੇਸ਼ ਦਿੰਦੀ ਹੈ|

ਕੁਦਰਤ ਜੀਵਨ ਦਾ ਨਾਮ ਹੈ ਅਤੇ ਖੁਸ਼ਬੂ ਉਸ ਦੀ ਮਿਠਾਸ, ਇਕ ਜੀਵਨ ਨੂੰ ਸੁਰਖਿਅਤ ਰੱਖਦਾ ਹੈ ਤੇ ਦੂਸਰਾ ਉਸ ਨੂੰ ਮਧੁਰ ਬਣਾਉਂਦਾ ਹੈ|

ਚਾਂਦਨੀ ਰਾਤ ਵਿਚ ਰੰਗ-ਬਿਰੰਗੇ ਲਹਿ-ਲਹਿਰਾਂਦੇ ਰੁੱਖਾਂ ਦੇ ਪੱਤੇ ਚਾਂਦਨੀ ਨੂੰ ਅਪਣਾਉਂਦੇ ਹੋਏ ਗਠੀਲਾ ਆਕਰਸ਼ਣ ਅਤੇ ਸੁਗਬੁਗਾਹਟ ਦਾ ਗੁਨਗੁਨਾ ਜਿਹਾ ਸਵਾਦ, ਸੰਤੋਸ਼ ਤੇ ਸੁੱਖ ਦੇ ਸੰਸਕਾਰ ਨਿਰਮਾਣ ਕਰਦਾ ਹੈ | ਕੁਦਰਤ ਦੇ ਰੰਗ ਹੀ ਧਰਮ ਭੂਮੀ, ਕਰਮ ਭੂਮੀ, ਪੁੰਨ ਭੂਮੀ ਨੂੰ ਸਵਰਗ ਦਾ ਰੂਪ ਦੇ ਕੇ ਸੁੰਦਰਤਾ ਨੂੰ ਮਨੁੱਖ ਲਈ ਮਖਮੂਰ ਕਿਰਿਆਵਾਂ ਦੀ ਲੱਜ਼ਤ ਦਿੰਦੀ ਹੈ |

ਪਤਝੜ ਦੇ ਰੁੱਖ ਬਰਫ ਦੇ ਤੋਂਦਿਆਂ ਦੀ ਭਰਮਾਰ ਨਾਲ ਲੱਧੇ ਜਾਂਦੇਹਨ | ਸਫ਼ੇਦ ਰੰਗ ਦੀ ਬਰਫ਼ੀਲੀ ਚਾਦਰ ਆਪਣੇ ਆਸ਼ੀਰਵਾਦ ਨਾਲ ਇਕ ਬੇਇੰਤਹਾ ਨਜ਼ਾਰਾ ਦੇ ਕੇ ਭਵਿੱਖ ਦੀ ਮੁੱਖ ਕ੍ਰਿਤੀ ਤੋਂ ਵਾਕਿਫ਼ ਕਰਵਾ ਦਿੰਦੀ ਹੈ | ਇਹ ਮੌਸਮ ਮੁਸ਼ਕਿਲਾਂ ਅਤੇ ਪਰਵਾਹ ਦਾ ਮੌਸਮ ਹੁੰਦਾ ਹੈ|

ਝੀਲਾਂ ਦੁਆਲੇ ਰੰਗ-ਬਿਰੰਗੇ ਰੁੱਖਾਂ ਦੇ ਝੁਰਮਟ ਪਾਣੀਆਂ ਦੀ ਹਿੱਕ ਉਪਰ ਪਰਛਾਇਆ ਦੀ ਲੈਆਤਮਿਕ ਕ੍ਰਿਤੀ ਬਣਾ ਕੇ ਪਾਣੀ ‘ਤੇ ਨੰਗੀ ਚਿੱਤਰਕਾਰੀ ਉਕੇਰ ਦਿੰਦੇ ਹਨ|

ਪਹਾੜਾਂ ਉਪਰ ਤਰ੍ਹਾਂ-ਤਰ੍ਹਾਂ ਦੇ ਰੁੱਖਾਂ ਦੀਆਂ ਪਰਜਾਤੀਆਂ ਤੋਂ ਇਲਾਵਾ ਇਕ ਹੀ ਸ਼੍ਰੇਣੀ ਦੇ ਅਨੇਕਾਂ ਰੁੱਖਾਂ ਨੂੰ ਆਇਤਕਾਰ, ਗੋਲਾਕਾਰ, ਚੌਰਸ, ਚੌਪਟ ਆਦਿ ਰੂਪਾਂ ਵਿਚ ਅਲੰਕਾਰਿਤ ਕੀਤਾ ਹੋਇਆ ਹੈ | ਦੂਰ ਤੋਂ ਪਤਝੜ ਦੇ ਰੰਗਾਂ ਦੀ ਖਾਮੋਸ਼ੀ ਇਕ ਸਿਮਰਤੀ ਦਾ ਜਨਮ ਉਤਪਨ ਕਰਕੇ ਦਿਮਾਗ਼ ਵਿਚ ਸਦੀਵੀ ਸੁੰਦਰ ਚਿਤਰਨ ਉਕੇਰ ਦਿੰਦੀ ਹੈ ਜੋ ਸਾਲਾਂ ਤੱਕ ਮਸਤਕ ਵਿਚ ਜੀਵੰਤ ਰਹਿੰਦੀ ਹੈ|

ਕਨੇਡਾ ਵਿਚ ਰੁੱਖਾਂ ਦੀ ਮਨੁੱਖ ਨਾਲੋਂ ਵੀ ਜ਼ਿਆਦਾ ਸਮਰਥਵਾਨ ਕਦਰਾਂ ਕੀਮਤਾਂ ਹਨ | ਕਨੇਡਾ ਦਾ ਰਾਸ਼ਟਰੀਏ ਝੰਡਾ ਇਸ ਗੱਲ ਦੀ ਸਹਿਮਤੀ ਭਰਦਾ ਹੈ | ਕਨੇਡਾ ਦੇ ਝੰਡੇ ਵਿਚ ਗਿਆਰਾਂ ਨੁਕਰੀ ਲਾਲ ਰੰਗ ਦਾ ਪੱਤਾ ਹੈ | ਦੋਵੇਂ ਪਾਸੇ ਲਾਲ ਰੰਗ ਵਿਚਕਾਰ ਚਿੱਟੇ ਰੰਗ ਉਪਰ ਲਾਲ ਰੰਗ ਦਾ ਪੱਤਾ ਹੈ ਜਿਸ ਦਾ ਮਤਲਬ ਕਿ ਸਾਰੀ ਦੁਨੀਆਂ, ਕਾਏਨਾਤ ਦੇ ਪ੍ਰਾਣੀਆਂ ਦੇ ਲਹੂ ਦਾ ਰੰਗ ਲਾਲ ਹੁੰਦਾ ਹੈ | ਸਾਂਝੀਵਾਲਤਾ ਦਾ ਸੰਦੇਸ਼ | ਲਾਲ ਰੰਗ ਗੌਰਵ ਸ਼ਕਤੀ ਦਾ ਪ੍ਰਤੀਕ | ਖ਼ੂਨ ਦਾ ਰੰਗ ਲਾਲ, ਟਮਾਟਰ ਦਾ ਰੰਗ ਲਾਲ ਜੋ ਸੂਖਮ ਹੈ | ਫਾਇਰ ਇੰਜ਼ਨ ਦਾ ਰੰਗ ਲਾਲ, ਤਰੱਕੀ ਪਸੰਦ ਪ੍ਰਤੀਕ ਹੈ ਇਹ ਪਤਝੜ ਦਾ ਪੱਤਾ|

## ਨਿੱਜੀ ਅਤੇ ਆਲੇ ਦੁਆਲੇ ਦੀ ਸਾਫ਼ ਸਫ਼ਾਈ

ਵਰਲਡ ਪੰਜਾਬੀ ਟਾਈਮਜ਼
ਸੁਰਿੰਦਰਪਾਲ ਸਿੰਘ



ਨਿੱਜੀ ਅਤੇ ਆਲੇ ਦੁਆਲੇ ਦੀ ਸਾਫ਼ ਸਫ਼ਾਈ ਸਿਹਤ ਦੇ ਸਭ ਤੋਂ ਮੂਲ ਨਿਰਣਾਇਕ ਤੱਤਾਂ ਵਿੱਚੋਂ ਹਨ। ਇਹ ਸੰਚਾਰਿਤ ਬਿਮਾਰੀਆਂ ਦੇ ਖਿਲਾਫ ਮੁੱਖ ਰੋਕਥਾਮ ਉਪਾਅ ਹਨ ਜੋ ਜੀਵਨ ਦੀ ਗੁਣਵੱਤਾ ਨੂੰ ਵਧਾਉਂਦੇ ਹਨ ਅਤੇ ਸਮਾਜਿਕ ਭਲਾਈ ਨੂੰ ਪ੍ਰੋਤਸਾਹਿਤ ਕਰਦੇ ਹਨ। ਪ੍ਰਾਚੀਨ ਅਭਿਆਸਾਂ ਤੋਂ ਲੈ ਕੇ ਆਧੁਨਿਕ ਵਿਗਿਆਨਕ ਸਮਝ ਤੱਕ, ਸਾਫ਼ ਸਫ਼ਾਈ ਨੂੰ ਹਮੇਸ਼ਾ ਵਿਅਕਤੀਗਤ ਅਤੇ ਸਮੂਹਿਕ ਰੂਪਾਂ ਲਈ ਇੱਕ ਮਹੱਤਵਪੂਰਨ ਸੁਰੱਖਿਅਤ ਕਾਰਜ ਵਜੋਂ ਮੰਨਿਆ ਗਿਆ ਹੈ।

ਸਿਹਤ ਸਿਰਫ ਬਿਮਾਰੀ ਦੀ ਗੈਰਹਾਜ਼ਰੀ ਨਹੀਂ ਸਗੋਂ ਪੂਰੀ ਸਰੀਰਕ, ਮਾਨਸਿਕ ਅਤੇ ਸਮਾਜਿਕ ਸੁਖ-ਸਮ੍ਰਿੱਧੀ ਦੀ ਸਥਿਤੀ ਹੈ। ਜਦੋਂਕਿ ਸਿਹਤ ਵਿਗਿਆਨ ਬਿਮਾਰੀਆਂ ਦੇ ਇਲਾਜ਼ ਵਿੱਚ ਅੱਗੇ ਵਧਿਆ ਹੈ ਪਰ ਰੋਕਥਾਮ ਇਲਾਜ਼ ਤੋਂ ਜ਼ਿਆਦਾ ਲਾਗਤ-ਕਾਰੀ ਅਤੇ ਪ੍ਰਭਾਵਸ਼ਾਲੀ ਰਹਿੰਦੀ ਹੈ। ਨਿੱਜੀ ਅਤੇ ਆਲੇ ਦੁਆਲੇ ਦੀ ਸਾਫ਼ ਸਫ਼ਾਈ ਚਾਹੇ ਵਿਅਕਤੀਗਤ, ਵਾਤਾਵਰਣੀ ਜਾਂ ਸਮਾਜਿਕ ਹੋਵੇ, ਬਿਮਾਰੀ ਰੋਕਣ ਵਿੱਚ ਪਹਿਲੀ ਕਤਾਰ ਦਾ ਡਿਫੈਂਸ ਸਿਸਟਮ ਬਣਾਉਂਦੀਆਂ ਹਨ। ਇਹ ਬਿਮਾਰੀ ਦੇ ਪੈਟਰਨ, ਜੀਵਨ ਦੀ ਉਮਰ ਅਤੇ ਇੱਥੇ ਤੱਕ ਕਿ ਆਰਥਿਕ ਵਿਕਾਸ ਨੂੰ ਪ੍ਰਭਾਵਿਤ ਕਰਦੀਆਂ ਹਨ। ਅੱਜ ਦੇ ਆਪਸੀ ਜੁੜੇ ਹੋਏ ਸੰਸਾਰ ਵਿੱਚ ਜਿੱਥੇ ਸੰਚਾਰਿਤ ਬਿਮਾਰੀਆਂ ਹੱਦਾਂ ਪਾਰ ਤੇਜ਼ੀ ਨਾਲ ਫੈਲ ਸਕਦੀਆਂ ਹਨ ਸਾਫ਼ ਸਫ਼ਾਈ ਦਾ ਮਹੱਤਵ ਕਦੇ ਵੀ ਇੰਨਾ ਜ਼ਿਆਦਾ ਨਹੀਂ ਸੀ।

### ਸਾਫ਼ ਸਫ਼ਾਈ ਦਾ ਵਿਗਿਆਨਕ ਆਧਾਰ

ਸਾਫ਼ ਸਫ਼ਾਈ ਉਹ ਅਭਿਆਸ ਹਨ ਜੋ ਸਿਹਤ ਨੂੰ ਬਣਾਈ ਰੱਖਣ ਅਤੇ ਬਿਮਾਰੀ ਤੋਂ ਬਚਾਉਣ ਲਈ ਮੁੱਖ ਤੌਰ ਤੇ ਕੰਮ ਕਰਦੇ ਹਨ। ਸਾਫ਼ ਸਫ਼ਾਈ ਅਤੇ ਬਿਮਾਰੀਆਂ ਰੋਕਥਾਮ ਦੇ ਵਿਚਕਾਰ ਦਾ ਰਿਸ਼ਤਾ ਮਾਈਕ੍ਰੋਬਾਇਓਲੋਜੀ ਅਤੇ ਐਪੀਡਿਮਿਯੋਲੋਜੀ ਵਿੱਚ ਗਹਿਰਾ ਹੈ:

**ਮਾਈਕ੍ਰੋਬੀਅਲ ਨਿਯੰਤਰਣ –**
ਸਹੀ ਹੱਥ ਧੋਣਾ ਜ਼ਹਿਰੀਲੇ ਸੂਖਮ ਜੀਵਾਂ (ਪੈਥੋਜੈਨਿਕ ਮਾਈਕ੍ਰੋਆਰਗੈਨਿਜ਼ਮਾਂ) ਜਿਵੇਂ ਕਿ ਐਸ ਕੋਲੀ, ਸਟੈਫਿਲੋਕੋਕਸ ਔਰੀਅਸ ਅਤੇ ਵਾਇਰਸਾਂ ਜਿਵੇਂ ਕਿ ਇੰਫਲੂਐਂਜ਼ਾ ਅਤੇ ਸਾਰ ਕੋਵਿ ੨( SARS-CoV-2 )ਨੂੰ ਹਟਾਉਂਦਾ ਹੈ। ਵੱਖ-ਵੱਖ ਸਿਹਤ ਸਰਵੇਖਣਾਂ ਦੇ ਅਨੁਸਾਰ ਪ੍ਰਭਾਵਸ਼ਾਲੀ ਢੰਗ ਨਾਲ ਹੱਥਾਂ ਦੀ ਸਾਫ਼ ਸਫ਼ਾਈ ਪੇਟ ਦੀਆਂ ਬਿਮਾਰੀਆਂ ਨੂੰ 40% ਤੱਕ ਅਤੇ ਸਾਹ ਦੇ ਸੰਕ੍ਰਮਣਾਂ ਨੂੰ ਲਗਭਗ 20% ਤੱਕ ਘਟਾ ਸਕਦੀ ਹੈ।

**ਸੰਕ੍ਰਮਣ ਦੀ ਲੜੀ ਦਾ ਟੁੱਟਣਾ –**
ਸੰਕ੍ਰਮਿਤ ਬਿਮਾਰੀਆਂ ਸਿੱਧੇ ਸੰਪਰਕ, ਪ੍ਰਦੂਸ਼ਿਤ ਖਾਣਾ ਅਤੇ ਪਾਣੀ ਜਾਂ ਵਾਤਾਵਰਣੀ ਕਾਰਕਾਂ ਦੁਆਰਾ ਫੈਲਦੀਆਂ ਹਨ। ਸਾਫ਼ ਸਫ਼ਾਈ ਦੇ ਅਭਿਆਸ ਜਿਵੇਂ ਕਿ ਸੈਨਿਟੇਸ਼ਨ, ਸੁਰੱਖਿਅਤ ਪਾਣੀ ਦੀ ਸੰਭਾਲ, ਖਾਣੇ ਦੀ ਸੁਰੱਖਿਆ ਅਤੇ ਕੂੜੇ ਦਾ ਨਿਕਾਸ ਇਹਨਾਂ ਸੰਚਾਰ ਦੇ ਰਾਹਾਂ ਨੂੰ ਰੋਕਦੇ ਹਨ।

**ਇਮੀਊਨ ਸਿਸਟਮ ਦਾ ਸਮਰਥਨ –**
ਇੱਕ ਸਾਫ਼ ਵਾਤਾਵਰਣ ਹਾਨਿਕਾਰਕ ਸੂਖਮ ਜੀਵਾਂ (ਮਾਈਕ੍ਰੋਬਾਂ) ਦੇ ਬਿਨਾ ਬੇਕਾਰ ਦੇ ਸੰਪਰਕ ਨੂੰ ਘਟਾਉਂਦਾ ਹੈ, ਜਿਸ ਨਾਲ ਇਮੀਊਨ ਸਿਸਟਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਦੀ ਆਗਿਆ ਮਿਲਦੀ ਹੈ। ਇਹ ਰੋਕਥਾਮ ਯੋਗ ਬਿਮਾਰੀਆਂ ਨਾਲ ਲੜਨ ਲਈ ਭਾਰੀ ਹੋ ਜਾਵੇ।

### ਸਾਫ਼ ਸਫ਼ਾਈ ਦੀਆਂ ਕਿਸਮਾਂ ਅਤੇ ਉਨ੍ਹਾਂ ਦੇ ਸਿਹਤ ‘ਤੇ ਪ੍ਰਭਾਵ

**ਵਿਅਕਤੀਗਤ ਸਾਫ਼ ਸਫ਼ਾਈ–**
ਬਾਥਿੰਗ, ਮੂੰਹ ਦੀ ਦੇਖਭਾਲ, ਸਾਫ਼ ਕਪੜੇ ਅਤੇ ਮਹਿਨਾ ਹਾਈਜੀਨ ਵਰਗੇ ਅਭਿਆਸ ਚਮੜੀ ਦੀਆਂ ਬਿਮਾਰੀਆਂ, ਦੰਦਾਂ ਦੀ ਖਰਾਬੀ, ਪੈਰਾਸਾਇਟਿਕ ਇੰਫੈਕਸ਼ਨਾਂ ਅਤੇ ਪ੍ਰਜਨਨ ਸਿਹਤ ਦੇ ਮੁੱਦਿਆਂ ਤੋਂ ਬਚਾਉਂਦੇ ਹਨ।

**ਹੱਥਾਂ ਦੀ ਸਾਫ਼ ਸਫ਼ਾਈ–**
ਇਹ ਸਿਹਤ ਸੰਭਾਲ ਦੇ ਵਿਗਿਆਨ ਵਿੱਚ ਸਭ ਤੋਂ ਪ੍ਰਭਾਵਸ਼ਾਲੀ ਉਪਾਅ ਮੰਨਿਆ ਜਾਂਦਾ ਹੈ, ਹੱਥਾਂ ਦੀ ਸਾਫ਼ ਸਫ਼ਾਈ ਹਸਪਤਾਲ ਵਿੱਚ ਲੱਗਣ ਵਾਲੀਆਂ ਬਿਮਾਰੀਆਂ ਨੂੰ ਰੋਕਦੀ ਹੈ, ਜੋ ਮੁੱਖ ਤੌਰ ਤੇ ਮੌਤ ਦਰ ਅਤੇ ਆਰਥਿਕ ਭਾਰ ਦਾ ਕਾਰਨ ਬਣਦੀਆਂ ਹਨ।

**ਖਾਣੇ ਅਤੇ ਪਾਣੀ ਦੀ ਸਾਫ਼ ਸਫ਼ਾਈ–**
ਖਾਣੇ ਦੀ ਸੁਰੱਖਿਅਤ ਤਿਆਰੀ, ਸੰਭਾਲ ਪੇਟ ਦੀਆਂ ਬਿਮਾਰੀਆਂ, ਟਾਇਫੋਇਡ, ਹੈਪੇਟਾਇਟਿਸ ਏ ਅਤੇ ਗੁਰਦੇ ਦੀਆਂ ਜ਼ਹਿਰਲੀ ਬਿਮਾਰੀਆਂ ਦੇ ਪ੍ਰਸਾਰ ਨੂੰ ਰੋਕਦੀ ਹੈ। ਸਾਫ਼ ਪਾਣੀ ਦੀ ਪਹੁੰਚ ਨਾਲ ਹੀ ਲਗਭਗ 1.4 ਮਿਲਿਅਨ ਬੱਚਿਆਂ ਨੂੰ ਪੇਟ ਦੀਆਂ ਬਿਮਾਰੀਆਂ ਨਾਲ ਹੋਣ ਵਾਲੀ ਮੌਤ ਤੋਂ ਰੋਕਣ ਦਾ ਅੰਦਾਜ਼ਾ ਲਗਾਇਆ ਗਿਆ ਹੈ।

**ਵਾਤਾਵਰਨ ਦੀ ਸਾਫ਼ ਸਫ਼ਾਈ–**
ਸਹੀ ਕੂੜਾ ਪ੍ਰਬੰਧਨ, ਨਾਲੀਆਂ ਦੇ ਗੰਦੇ ਪਾਣੀ ਦਾ ਯੋਗ ਨਿਪਟਾਰਾ ਅਤੇ ਸਾਫ਼ ਆਲਾ-ਦੁਆਲਾ ਮਲੇਰੀਆ, ਡੇਂਗੂ ਅਤੇ ਪਲੇਗ ਵਰਗੀਆਂ ਬਿਮਾਰੀਆਂ ਤੋਂ ਬਚਾਉਂਦੇ ਹਨ। ਮੱਛਰਾਂ, ਮੱਖੀਆਂ ਅਤੇ ਚੂਹਿਆਂ ਦੇ ਪ੍ਰਜਨਨ ਦੀਆਂ ਥਾਵਾਂ ਨੂੰ ਰੋਕ ਕੇ ਮੌਤ ਦਰ ਘਟਾਈ ਜਾ ਸਕਦੀ ਹੈ।

**ਸਮੂਹਿਕ ਸਾਫ਼ ਸਫ਼ਾਈ–**
ਜਨਤਕ ਸੈਨਿਟੇਸ਼ਨ ਸੁਵਿਧਾਵਾਂ, ਸਕੂਲਾਂ ਦੇ ਹਾਈਜੀਨ ਪ੍ਰੋਗਰਾਮ ਅਤੇ ਕੰਮ ਕਰਨ ਵਾਲੇ ਥਾਂਵਾਂ ਦੀ ਸਾਫ਼ ਸਫ਼ਾਈ ਸਮੂਹਿਕ ਭਲਾਈ ਅਤੇ ਉਤਪਾਦਕਤਾ ਨੂੰ ਵਧਾਉਂਦੀਆਂ ਹਨ ਅਤੇ ਸਮੂਹਿਕ ਪੱਧਰ ‘ਤੇ ਸਿਹਤ ਖਰਚਿਆਂ ਨੂੰ ਘਟਾਉਂਦੀਆਂ ਹਨ।

### ਸਫ਼ਾਈ ਅਤੇ ਗੈਰ-ਸੰਚਾਰਿਤ ਬਿਮਾਰੀਆਂ (NCDs)

ਜਦੋਂ ਕਿ ਸਫ਼ਾਈ ਨੂੰ ਆਮ ਤੌਰ ‘ਤੇ ਸੰਚਾਰਿਤ ਬਿਮਾਰੀਆਂ ਨਾਲ ਜੋੜਿਆ ਜਾਂਦਾ ਹੈ ਪਰ ਇਹ ਲੰਬੇ ਸਮੇਂ ਵਾਲੀਆਂ ਬਿਮਾਰੀਆਂ ਦੇ ਖ਼ਤਰੇ ਦੇ ਕਾਰਕਾਂ ਨੂੰ ਘਟਾਉਣ ਵਿੱਚ ਵੀ ਭੂਮਿਕਾ ਨਿਭਾਉਂਦੀ ਹੈ। ਉਦਾਹਰਨ ਵਜੋਂ, ਮੂੰਹ ਦੀ ਸਫ਼ਾਈ ਦਿਲ ਦੀ ਬਿਮਾਰੀਆਂ ਦੇ ਖ਼ਤਰੇ ਨੂੰ ਘਟਾਉਂਦੀ ਹੈ ਕਿਉਂਕਿ ਇਹ ਪੀਰੀਓਡੋਂਟਲ ਸਿਹਤ ਨਾਲ ਜੁੜੀ ਹੋਈ ਹੈ। ਸਹੀ ਢੰਗ ਨਾਲ ਕੱਚੇ ਖਾਦ ਪਦਾਰਥਾਂ ਦੀ ਸਾਫ਼ ਸਫ਼ਾਈ ਕਾਰਸਿਨੋਜੈਨਿਕ ਟੌਕਸਿਨਾਂ ਜਿਵੇਂ ਕਿ ਐਫਲਾਟੋਕਸਿਨਾਂ ਨਾਲ ਸੰਪਰਕ ਘਟਾਉਂਦੀ ਹੈ। ਸਾਫ਼ ਅਤੇ ਸੁਰੱਖਿਅਤ ਵਾਤਾਵਰਣ ਤਣਾਅ ਨੂੰ ਘਟਾਉਂਦੇ ਹਨ ਅਤੇ ਮਾਨਸਿਕ ਸੁੱਖ-ਸਮ੍ਰਿੱਧੀ ਨੂੰ ਸੁਧਾਰਦੇ ਹਨ, ਜਿਸ ਨਾਲ ਜੀਵਨਸ਼ੈਲੀ ਨਾਲ ਸੰਬੰਧਿਤ ਬਿਮਾਰੀਆਂ ਤੋਂ ਬਚਾਅ ਕੀਤਾ ਜਾ ਸਕਦਾ ਹੈ।

### ਸਮਾਜਿਕ ਅਤੇ ਆਰਥਿਕ ਮਹੱਤਵ

ਸਫ਼ਾਈ ਸਿਰਫ਼ ਸਿਹਤ ਲਾਭਾਂ ਤੱਕ ਸੀਮਿਤ ਨਹੀਂ ਹਨ; ਇਹ ਸਮਾਜਿਕ-ਆਰਥਿਕ ਪ੍ਰਭਾਵਾਂ ਵਿੱਚ ਵੀ ਡੂੰਘੇ ਹਨ:

**ਸਿੱਖਿਆ ਦੇ ਨਤੀਜ਼ੇ –**
ਜਿਨ੍ਹਾਂ ਸਕੂਲਾਂ ਵਿੱਚ ਵਧੀਆ ਸਾਫ਼ ਸਫ਼ਾਈ ਦੀਆਂ ਸੁਵਿਧਾਵਾਂ ਹਨ, ਉਨ੍ਹਾਂ ਦੇ ਬੱਚਿਆਂ ਦੀ ਹਾਜ਼ਰੀ ਅਤੇ ਸਿਖਾਈ ਦਾ ਪ੍ਰਦਰਸ਼ਨ ਉੱਚਾ ਹੁੰਦਾ ਹੈ।

**ਆਰਥਿਕ ਵਿਕਾਸ –**
ਬਿਮਾਰੀਆਂ ਦੀ ਦਰ ਵਿੱਚ ਵਾਧੇ ਦਾ ਅਰਥ ਹੈ ਕਿ ਕੰਮ ਦੇ ਦਿਨ ਘੱਟ ਹੁੰਦੇ ਹਨ, ਉਤਪਾਦਕਤਾ ਵੱਧਦੀ ਹੈ ਅਤੇ ਸਿਹਤ ਖ਼ਰਚੇ ਘੱਟ ਹੁੰਦੇ ਹਨ।

**ਲਿੰਗ ਸਮਾਨਤਾ –**
ਔਰਤਾਂ ਦੀਆਂ ਸਿਹਤ ਸਹੂਲਤਾਂ ਦੀਆਂ ਸੁਵਿਧਾਵਾਂ ਤੱਕ ਪਹੁੰਚ ਕੁੜੀਆਂ ਅਤੇ ਔਰਤਾਂ ਨੂੰ ਸਿੱਖਿਆ ਅਤੇ ਰੋਜ਼ਗਾਰ ਵਿੱਚ ਪੂਰੀ ਤਰ੍ਹਾਂ ਭਾਗ ਲੈਣ ਦੀ ਆਗਿਆ ਦਿੰਦੀ ਹੈ।

### ਚੁਣੌਤੀਆਂ ਅਤੇ ਵਿਸ਼ਵ ਪੱਧਰੀ ਬਦਲਾਅ

ਸੰਸਾਰ ਭਰ ਵਿੱਚ ਪ੍ਰਗਤੀ ਹੋਣ ਦੇ ਬਾਵਜੂਦ, ਕਈ ਖੇਤਰਾਂ ਵਿੱਚ ਸਫਾਈ ਦੇ ਅਭਿਆਸ ਅਣੁਕੂਲ ਰਹਿੰਦੇ ਹਨ। ਦੁਨੀਆ ਭਰ ਵਿੱਚ ਸਿਹਤ ਸੰਸਥਾਵਾਂ ਦਾ ਅੰਦਾਜ਼ਾ ਹੈ ਕਿ ਲਗਭਗ 2 ਬਿਲੀਅਨ ਲੋਕ ਬੁਨਿਆਦੀ ਸਹੂਲਤਾਂ ਅਤੇ ਸੁਵਿਧਾਵਾਂ ਤੋਂ ਵਾਂਝੇ ਹਨ। ਸ਼ਹਿਰਕਰਨ, ਗਰੀਬੀ ਅਤੇ ਜਾਗਰੂਕਤਾ ਦੀ ਘਾਟ ਅੱਗੇ ਵਧਣ ਵਿੱਚ ਰੁਕਾਵਟ ਪੈਦਾ ਕਰਦੀ ਹੈ। ਹਾਲੀਆ ਵਿਸ਼ਵ ਸਿਹਤ ਸੰਕਟ ਜਿਵੇਂ ਕਿ COVID-19 ਮਹਾਮਾਰੀ ਨੇ ਇਹ ਦਰਸਾਇਆ ਹੈ ਕਿ ਕਿਵੇਂ ਨਾਜ਼ੁਕ ਸਫ਼ਾਈ ਪ੍ਰਣਾਲੀਆਂ ਪੂਰੇ ਦੇਸ਼ਾਂ ਨੂੰ ਖ਼ਤਰੇ ਵਿੱਚ ਪਾ ਸਕਦੀਆਂ ਹਨ।

ਸਫਾਈ ਸਿਰਫ਼ ਸੰਸਕਾਰਕ ਜਾਂ ਸੁੰਦਰਤਾ ਦੇ ਨੈਤਿਕ ਮੁੱਲ ਨਹੀਂ ਹਨ; ਇਹ ਸਿਹਤ ਅਤੇ ਵਿਕਾਸ ਦੇ ਵਿਗਿਆਨਕ ਤੱਥ ਹਨ। ਇਹ ਬਿਮਾਰੀਆਂ ਨੂੰ ਰੋਕਦੀਆਂ ਹਨ, ਜੀਵਨ ਦੀ ਉਮਰ ਨੂੰ ਵੱਧਾਉਂਦੀਆਂ ਹਨ ਅਤੇ ਸਮਾਜਿਕ ਸਮ੍ਰਿੱਧੀ ਨੂੰ ਯਕੀਨੀ ਬਣਾਉਂਦੀਆਂ ਹਨ। ਇਸ ਲਈ, ਸਫ਼ਾਈ ਢਾਂਚੇ ਅਤੇ ਸਿੱਖਿਆ ਵਿੱਚ ਨਿਵੇਸ਼ ਨੂੰ ਇੱਕ ਪ੍ਰਧਾਨ ਜਨਤਕ ਸਿਹਤ ਦੀ ਪ੍ਰਾਥਮਿਕਤਾ ਮੰਨਿਆ ਜਾਣਾ ਚਾਹੀਦਾ ਹੈ।

ਅੰਤ ਵਿੱਚ, ਸਫ਼ਾਈ ਅਤੇ ਸੁਥਰਾਈ ਦਾ ਅਭਿਆਸ ਸਿਰਫ਼ ਇੱਕ ਵਿਅਕਤੀਗਤ ਜ਼ਿੰਮੇਵਾਰੀ ਨਹੀਂ, ਬਲਕਿ ਇੱਕ ਸਮੂਹਿਕ ਫਰਜ਼ ਹੈ ਜੋ ਮਨੁੱਖਤਾ ਦੀ ਸਿਹਤ ਨੂੰ ਆਕਾਰ ਦਿੰਦਾ ਹੈ।